13

# ਬਸੋਰ ਦਾ ਸਿਪਾਹੀ

## ਛੋਟੀ ਜਿਹੀ ਸੇਵਾ ਦਾ ਇਨਾਮ ਮਿਲਿਆ

(30:21-25)

ਦੂਜੀ ਸੰਸਾਰ ਜੰਗ ਦੌਰਾਨ ''ਘਰ ਵਿਚ ਮੋਰਚੇ'' ਦੀ ਗੱਲ ਆਮ ਸੁਣੀ ਜਾ ਸਕਦੀ ਸੀ। ਸੰਦੇਸ਼ ਸਾਫ਼ ਸੀ ਅਤੇ ਉਸ ਯੁੱਗ ਦੇ ਇਕ ਵਿਲੱਖਣ ਆਗੂ ਨੇ ਇਸ ਦਾ ਅਰਥ ਇੰਜ ਕੱਢਿਆ ਸੀ: ''ਖੜੇ ਹੋ ਕੇ ਉਡੀਕ ਕਰਨ ਵਾਲੇ ਦੀ ਵੀ ਸੇਵਾ ਕਰਦੇ ਹਨ।'' ਇਸ ਦਾ ਅਰਥ ਸਾਫ਼ ਸੀ ਕਿ ਤੁਹਾਡਾ ਛੋਟੇ ਤੋਂ ਛੋਟਾ ਕੰਮ ਵੀ ਜੰਗ ਦੀ ਹਰ ਕੋਸ਼ਿਸ਼ ਵਿਚ ਤੁਹਾਡੀ ਮਦਦ ਹੀ ਮੰਨਿਆ ਜਾਵੇਗਾ। ਹਰ ਅਮਰੀਕੀ ਉਸ ਵੇਲੇ ਭਾਵੇਂ ਦੇਸ਼ ਵਿਚ ਹੋਵੇ ਜਾਂ ਬਾਹਰ ''ਘਰ ਵਿਚ ਮੋਰਚਾ'' ਲਗਾਈ ਬੈਠਾ ਸੀ।

30:21–25 ਵਿਚ ਸੇਵਾ ਦੀ ਅਜਿਹੀ ਸਮਰੂਪਤਾ ਮਿਲਦੀ ਹੈ। ਦਾਊਦ ਅਤੇ ਛੇ ਸੌ ਬੰਦਿਆਂ ਦੀ ਉਸ ਦੀ ਫ਼ੌਜ ਸਿਕਲਗ ਵਿਚ ਸੁਆਹ ਦੇ ਢੇਰ ਬਣੇ ਖੰਡਰਾਂ ਵਿਚ ਆਪਣੀਆਂ ਪਿਆਰੀਆਂ ਚੀਜ਼ਾਂ ਵੇਖਣ ਲਈ ਗਏ ਸਨ। ਉਨ੍ਹਾਂ ਦੇ ਘਰ ਸੁਆਹ ਦੇ ਢੇਰ ਹੋ ਚੁੱਕੇ ਸਨ, ਉਨ੍ਹਾਂ ਦੇ ਪਰਿਵਾਰ ਗ਼ੁਲਾਮ ਬਣਾ ਲਏ ਗਏ ਸਨ ਅਤੇ ਉਨ੍ਹਾਂ ਦੀ ਜਾਇਦਾਦ ਲੁੱਟ ਲਈ ਗਈ ਸੀ। ਜੰਗ ਨਾਲ ਹੋਈ ਤਬਾਹੀ ਕਾਰਣ ਫ਼ੌਜੀਆਂ ਦੀ ਇਸ ਟੋਲੀ ਨੂੰ ਡੂੰਘਾ ਧੱਕਾ ਲੱਗਾ (30:4)। ਖ਼ੁਦਾ ਤੋਂ ਪੁੱਛਣ ਪਿੱਛੋਂ, ਦਾਊਦ ਨੇ ਇਹ ਹਮਲਾ ਕਰਨ ਵਾਲੇ ਅਮਾਲੇਕੀਆਂ ਦਾ ਪਿੱਛਾ ਕੀਤਾ। ਉਸ ਦੇ ਸਿਪਾਹੀ ਥੱਕ ਚੁੱਕੇ ਸਨ। ਭਾਵੁਕ ਹੋ ਕੇ ਦੋ ਸੌ ਸਿਪਾਹੀਆਂ ਨੂੰ ਲੜਾਈ ਲਈ ਗੈਰ ਜ਼ਰੂਰੀ ਵਸਤਾਂ ਦੀ ਦੇਖਭਾਲ ਲਈ ਬਸੋਰ ਦੇ ਨਾਲੇ ਕੋਲ ਰੋਕ ਦਿੱਤਾ ਗਿਆ। ਬਾਕੀ ਚਾਰ ਸੌ ਸਿਪਾਹੀਆਂ ਨੇ ਥੋੜ੍ਹੀ ਦੇਰ ਬਾਅਦ ਹੀ ਹਮਲਾਵਰਾਂ ਨੂੰ ਫੜ੍ਹ ਲਿਆ ਅਤੇ ਆਪਣੀਆਂ ਚੀਜ਼ਾਂ ਵਾਪਸ ਲੈ ਲਈਆਂ। ਬਸੋਰ ਵਿਚ ਵਾਪਸ ਪਰਤਣ ਤੇ ਚਾਰ ਸੌ ਸਿਪਾਹੀਆਂ ਨੇ ਬਹਿਸ ਕੀਤੀ ਕਿ ''ਸਮਾਨ ਦੀ ਰਾਖੀ'' ਲਈ ਰੁਕਣ ਵਾਲੇ ਦੋ ਸੌ ਸਿਪਾਹੀਆਂ ਦਾ ਲੁੱਟ ਵਿਚ ਕੋਈ ਹਿੱਸਾ ਨਹੀਂ ਹੈ। ਇਨ੍ਹਾਂ ਸਭ ਦੇ ਤਿੱਖੇ ਵਿਹਾਰ ਤੋਂ 30:22–24 ਦੇ ਬਾਅਦ ਲਿਖਣ ਦੀ ਜ਼ਮੀਨ ਮਿਲੀ।

ਇਸ ਨਾਲ ਸਾਨੂੰ ਸਰਵਸ਼ਕਤੀਮਾਨ ਪਰਮੇਸ਼ੁਰ ਦੀ ਸੇਵਾ ਬਾਰੇ ਇਕ ਜ਼ਬਰਦਸਤ ਨਿਯਮ ਮਿਲਦਾ ਹੈ। ਉਨ੍ਹਾਂ ਚਾਰ ਸੌ ਦੇ ਬੋਲਾਂ ਵਿਚ ਸੇਵਾ ਦੇ ਨਕਾਰਾਤਮਕ ਪਹਿਲੂਆਂ ਨੂੰ ਵੇਖਿਆ ਗਿਆ ਸੀ। ਸਾਨੂੰ ਇਕ ਅਨੋਖੀ ਸਮਝ ਮਿਲਦੀ ਹੈ ਕਿ ਮਨੁੱਖ ਆਪਣੀ ਬੁੱਧ ਨਾਲ ਸੇਵਾ ਨੂੰ ਕਿੰਜ ਵੇਖਦਾ ਹੈ ਅਤੇ ਉਨ੍ਹਾਂ ਹੀ ਸੇਵਾਵਾਂ ਨੂੰ ਖ਼ੁਦਾ ਕਿੰਨਾ ਕੁ ਮਹੱਤਵ ਦਿੰਦਾ ਹੈ।

### ਨਿਯਮ ਦੀ ਵਿਆਖਿਆ

ਉਨ੍ਹਾਂ ਚਾਰ ਸੌ ਬੰਦਿਆਂ ਦੀਆਂ ਗੱਲਾਂ ਸੁਣ ਕੇ ਦਾਊਦ ਨੇ ਝੱਟ ਗਲਤੀ ਨੂੰ ਸੁਧਾਰਿਆ। ਦਾਊਦ ਦੇ ਵਿਚਾਰ ਮੁਤਾਬਕ ਯਤਨ ਸਾਂਝਾ ਸੀ। ਉਨ੍ਹਾਂ ਵਿੱਚੋਂ ਕੁਝ ਕੁ ਹੋਰ ਕੰਮ ਕਰ ਸਕੇ ਜਦਕਿ

ਬਾਕੀਆਂ ਨੇ ਹੋਰ ਵੀ ਕੰਮ ਕੀਤਾ ਸੀ। ਕੋਈ ਅਸਲ ਵਿਚ ਯੁੱਧ ਵਿਚ ਗਿਆ ਹੋਵੇ ਜਾਂ ਸਮਾਨ ਦੀ ਰਾਖੀ ਕੀਤੀ ਹੋਵੇ, ਲੇਕਿਨ ਉਹ ਦਾਊਦ ਦੇ ਵਿਚਾਰ ਮੁਤਾਬਿਕ ਸਭ ਇੱਕੋ ਜਿਹੀ ਸੇਵਾ ਹੀ ਕਰ ਰਹੇ ਸਨ। ਇਹ ਨਿਯਮ ਬਾਈਬਲ ਦੀਆਂ ਕਈ ਆਇਤਾਂ ਵਿਚ ਮਿਲਦਾ ਹੈ। ਇਸ ਨਾਲ ਵੀ ਕੰਮ ਕਰਨ ਵਾਲਿਆਂ ਬਾਰੇ ਪਰਮੇਸ਼ੁਰ ਦੇ ਵਿਚਾਰਾਂ ਦਾ ਪਤਾ ਚੱਲਦਾ ਹੈ, ਭਾਵੇਂ ਉਹ ਕੰਮ ''ਕਿੰਨਾ ਵੀ ਛੋਟਾ'' ਕਿਉਂ ਨਾ ਹੋਵੇ! ਯਿਰਮਿਯਾਹ 4:10 ਵਿਚ ਹੈਕਲ ਬਣਾਉਣ ਦਾ ਕੰਮ ਆਮ ਹੀ ਸਾਹਲ ਨਾਲ ਹੋਣਾ ਸੀ। ਖ਼ੁਦਾ ਦੀਵਾਰ ਨੂੰ ਸਾਹਲ ਨਾਲ ਵੇਖਣ ਵਾਲਿਆਂ ਦੇ ਕੰਮ ਤੇ ਖੁਸ਼ ਸੀ। ਮਰਕੁਸ 14:8 ਵਿਚ, ਜਦ ਮਰੀਅਮ ਨੇ ਯਿਸੂ ਨੂੰ ਮਸਹ ਕੀਤਾ ਤਾਂ ਉਸ ਨੇ ਉਹੀ ਕੀਤਾ ਜੋ ਉਹ ਕਰ ਸਕਦੀ ਸੀ। ਕਈਆਂ ਨੂੰ ਉਸ ਦਾ ਇਹ ਕੰਮ ਬੇਕਾਰ ਲੱਗਾ ਸੀ, ਪਰ ਸਾਡੇ ਪ੍ਰਭੂ ਨੂੰ ਨਹੀਂ! ਯੂਹੰਨਾ 6:9 ਵਿਚ ਥੋੜ੍ਹੇ ਜਿਹੇ ਭੋਜਨ ਦੀ ਜਿਹੜਾ ਅੰਦ੍ਰਿਆਸ ਨੂੰ ਥੋੜ੍ਹਾ ਜਿਹਾ ਜਾਪਿਆ ਆਮ ਤੌਰ ਤੇ ਉਸ ਦੀ ਅਣਦੇਖੀ ਕੀਤੀ ਜਾਂਦੀ ਜਾਂ ਉਸ ਨੂੰ ਨਿਗੂਣਾ ਸਮਝਿਆ ਜਾਂਦਾ, ਪ੍ਰਭੂ ਉਸੇ ਦੀ ਵਰਤੋਂ ਕਰਦਾ ਹੈ (ਮੱਤੀ 10:42; ਮਰਕੁਸ 9:41; ਆਦਿ)। ਪਰਮੇਸ਼ੁਰ ਦੀ ਨਜ਼ਰ ਵਿਚ ਕੋਈ ਵੀ ਸੇਵਾ ਮਹੱਤਵਪੂਰਣ ਹੈ! (ਜ਼ਕਰਯਾਹ 4:66)।

## ਨਿਯਮ ਵਰਤੋਂ ਵਿਚ ਲਿਆਂਦਾ ਗਿਆ

ਦੋ ਸੌ ਸਿਪਾਹੀ ਬੇਕਾਰ ਚੀਜ਼ਾਂ ਦੀ ਰਾਖੀ ਲਈ ਰੁਕ ਗਏ ਸਨ। ਇਸ ਨਾਲ ਦਾਊਦ ਨੂੰ ਅਮਾਲੇਕੀਆਂ ਉੱਤੇ ਛੇਤੀ ਫ਼ਤਹਿ ਪਾਉਣ ਲਈ ਅੱਗੇ ਵਧਣ ਵਿਚ ਮਦਦ ਮਿਲੀ। ਉਨ੍ਹਾਂ ਦੋ ਸੌ ਜਣਿਆਂ ਨੇ ਇਹ ਅਹਿਮ ਭੂਮਿਕਾ ਨਿਭਾਉਣੀ ਸੀ, ਜਿਹੜੀ ਜਿੱਤ ਲਈ ਜ਼ਰੂਰੀ ਸੀ। ਜਿੱਤ ਪਾਉਣ ਦੇ ਬਾਅਦ ਦਾਊਦ ਨੇ ਵਾਪਸ ਆ ਕੇ ਉਨ੍ਹਾਂ ਦੋ ਸੌ ਦਾ ਧੰਨਵਾਦ ਕੀਤਾ। ਉਸਦੇ ਵਿਹਾਰ ਤੋਂ ਸਾਨੂੰ ਸਮਝ ਆਉਂਦੀ ਹੈ:

*ਸਾਡੇ ਵਿਚ ਹਰ ਕੋਈ ਸੇਵਕ ਹੈ ਅਤੇ ਹਰ ਕਿਸੇ ਨੂੰ ਉਸਦੀ ਸਮਰੱਥਾ ਅਨੁਸਾਰ ਕੰਮ ਮਿਲਦਾ ਹੈ।* ਇਨ੍ਹਾਂ ਸਿਪਾਹੀਆਂ ਨੂੰ ਰਾਖੀ ਕਰਨ ਲਈ ਰੁਕਣ ਵਾਸਤੇ ਕਿਹਾ ਗਿਆ ਸੀ। ਇਨ੍ਹਾਂ ਦਾ ਕੰਮ ਤਾਰੀਫ਼ ਯੋਗ ਸੀ। ਬਹੁਤ ਸਾਰੇ ਲੋਕ ਇਸ ਸਬਕ ਨੂੰ ਸਮਝਣ ਵਿਚ ਨਾਕਾਮ ਰਹਿੰਦੇ ਹਨ, ਕਿਉਂਕਿ ਅਸੀਂ ਸੇਵਾਵਾਂ ਦਾ ਵਰਗੀਕਰਣ ਕਰਕੇ ਉਨ੍ਹਾਂ ਨੂੰ ਉਨ੍ਹਾਂ ਦੇ ''ਮਹੱਤਵ'' ਅਨੁਸਾਰ ਵੇਖਣਾ ਚਾਹੁੰਦੇ ਹਾਂ।

ਕੁਰਿੰਥੁਸ ਵਿਚ ਅਜਿਹੇ ਵਿਹਾਰ ਦੇ ਖਤਰਨਾਕ ਨਤੀਜੇ ਮਿਲੇ ਸਨ, ਪੌਲੁਸ ਦੇ ਖ਼ਤ ਵਿਚ ਇਸ ਦਾ ਸਾਹਮਣਾ ਕਰਨ ਲਈ ਤਿੰਨ ਜ਼ਬਰਦਸਤ ਗੱਲਾਂ ਕਹੀਆਂ ਗਈਆਂ ਹਨ (1 ਕੁਰਿੰਥੀਆਂ 12:12–28)। ਪਹਿਲੀ, ਹਰ ਅੰਗ ਵਿਚ ਫ਼ਰਕ ਖੂਬੀ ਹੈ ਪਰ ਉਹ ਓਨਾਂ ਹੀ ਮਹੱਤਵਪੂਰਣ ਹੈ (1 ਕੁਰਿੰਥੀਆਂ 12:15)। ਦੂਜੀ, ਹਰ ਅੰਗ ਦੂਜੇ ਅੰਗ ਨਾਲ ਜੁੜਿਆ ਹੋਇਆ ਹੈ (1 ਕੁਰਿੰਥੀਆਂ 12:26; ਕੁਲੁੱਸੀਆਂ 2:2)। ਤੀਜੀ, ''ਸਭ ਤੋਂ ਆਮ'' ਸਮਝਿਆ ਜਾਣ ਵਾਲਾ ਸਭ ਤੋਂ ਜ਼ਰੂਰੀ ਹੈ (1 ਕੁਰਿੰਥੀਆਂ 12:22–24)।

ਇਕ ਵਾਰ ਜਾਨਵਰਾਂ ਦੀ ਇਕ ਟੋਲੀ ਨੇ ਇਕ ਸਕੂਲ ਸ਼ੁਰੂ ਕਰ ਕੇ ਆਪਣੇ ਸੁਧਾਰ ਦਾ ਫੈਸਲਾ ਲਿਆ। ਸਕੂਲ ਵਿਚ ਤੈਰਾਕੀ, ਦੌੜ, ਚੜ੍ਹਾਈ ਚੜ੍ਹਨਾ, ਅਤੇ ਉਡਾਣ ਭਰਨਾ ਸ਼ਾਮਿਲ ਸੀ। ਬੱਤਖ ਜਿਹੜੀ ਸ਼ਾਨਦਾਰ ਤੈਰਾਕ ਹੈ, ਦੂਜੀਆਂ ਗੱਲਾਂ ਵਿਚ ਕਮਜ਼ੋਰ ਸੀ, ਸੋ ਉਸ ਨੇ ਆਪਣੀ ਤੈਰਾਕੀ ਛੱਡ ਚੜ੍ਹਾਈ ਚੜ੍ਹਨ, ਦੌੜਨ ਅਤੇ ਉੱਡਣ ਦਾ ਵਿਸ਼ਾ ਲਿਆ। ਖਰਗੋਸ਼ ਨੂੰ ਜੋ ਕਿ ਚੰਗਾ ਦੌੜਾਕ ਹੈ, ਹੋਰ ਕਲਾਸਾਂ ਨਾਲੋਂ ਵੱਧ ਸਮਾਂ ਦੇਣ ਲਈ ਮਜਬੂਰ ਕੀਤਾ ਗਿਆ ਅਤੇ

ਉਸ ਦੀ ਚਾਲ ਮੱਠੀ ਪੈ ਗਈ। ਗਾਲੜ੍ਹ ਜਿਸਨੂੰ ਚੜ੍ਹਾਈ ਚੜ੍ਹਨ ਵਿਚ ''ਏ'' ਗ੍ਰੇਡ ਮਿਲਦਾ ਸੀ, ਇੰਸਟ੍ਰਕਟਰਾਂ ਵੱਲੋਂ ਤੈਰਨ ਅਤੇ ਉੱਠਣ ਦੀ ਕੋਸ਼ਿਸ਼ ਕਰਨ ਲਈ ਘੰਟੇ ਬਿਤਾਉਣ ਲਈ ਕਹਿਣ ਕਰਕੇ ''ਸੀ'' ਗਰੇਡ ਵਿਚ ਆ ਗਿਆ। ਬਾਜ਼ ਨੂੰ ਰੁੱਖਾਂ ਦੀਆਂ ਚੋਟੀਆਂ ਉੱਤੇ ਖੜ੍ਹਨਾ ਸਿਖਾਇਆ ਗਿਆ, ਭਾਵੇਂ ਇਸ ਤੋਂ ਪਹਿਲਾਂ ਉਹ ਉੱਡ ਕੇ ਜਾ ਸਕਦਾ ਸੀ। ਇਹੀ ਦੁਖਦ ਤਸਵੀਰ ਕਲੀਸੀਆ ਦੀ ਹੈ। ਹਰ ਕਿਸੇ ਨੂੰ ਵੱਖੋ ਵੱਖ ਦਾਨ ਮਿਲੇ ਹੋਏ ਹਨ, ਪਰ ਕੁਝ ਲੋਕ ਆਪਣੇ ਦਾਨਾਂ ਨਾਲੋਂ ਵਧ ਕੇ ਯਤਨ ਕਰਦੇ ਹਨ ਅਤੇ ਜਦ ''ਵੱਡੇ ਕੰਮ'' ਨਹੀਂ ਕਰ ਪਾਉਂਦੇ ਤਾਂ ਉਨ੍ਹਾਂ ਵਿਚ ਹੀਣ ਭਾਵਨਾ ਆ ਜਾਂਦੀ ਹੈ (ਤੁਲਨਾ ਰੋਮੀਆਂ 12:6)। ਬਸੋਰ ਦੇ ਸੰਦੇਸ਼ ਵਿਚ ਇਸ ਫ਼ਿਲਾਸਫ਼ੀ ਨੂੰ ਗਲਤੀ ਮੰਨਿਆ ਗਿਆ ਹੈ, ਕਿਉਂਕਿ ਵੱਖ ਵੱਖ ਯੋਗਤਾਵਾਂ ਹੋਣ ਦੇ ਬਾਵਜੂਦ ਸਭ ਬਰਾਬਰ ਹਨ!

*ਕਲੀਸੀਆ ਦੀ ਸੇਵਾ ਵਿਚ ਭਿੰਨਤਾ ਖ਼ੁਦਾ ਦੀਆਂ ਯੋਜਨਾਵਾਂ ਨੂੰ ਪੂਰਾ ਕਰਨ ਲਈ ਜ਼ਰੂਰੀ ਹੈ।* ''ਬਸੋਰ ਵਿਚ ਬੈਠ'' ਕੇ ਖਿਝਣਾ ਕਿ ਤੁਸੀਂ ਲੜਾਈ ਦੇ ਮੈਦਾਨ ਵਿਚ ਨਹੀਂ ਗਏ ਫ਼ਜ਼ੂਲ ਹੈ। ਪਰੇਸ਼ਾਨ ਹੋਣਾ ਕਿ ਜਿਹੜਾ ਕੰਮ ਦੂਜਾ ਕਰ ਰਿਹਾ ਹੈ ਉਹ ਤੁਸੀਂ ਵੀ ਕਰ ਸਕਦੇ ਹੋ ਬੇਕਾਰ ਹੈ। ਖ਼ੁਦਾ ਦੀ ਫ਼ੌਜ ਦੇ ਸਿਪਾਹੀਆਂ ਦੇ ਰੂਪ ਵਿਚ ਸਾਡੀ ਦਿਲਚਸਪੀ ਨੂੰ ਉਪਦੇਸ਼ਕ ਦੀ ਪੋਥੀ 9:10 ਵਿਚ ਸੰਖੇਪ ਕਰ ਦਿੱਤਾ ਗਿਆ ਹੈ। ਅਸੀਂ ਸਿਰਫ਼ ਉਸੇ ਲਈ ਜਵਾਬਦੇਹ ਹਾਂ, ਜੋ ਅਸੀਂ ਕਰ ਸਕਦੇ ਹਾਂ। ਕਿਸੇ ਅਨਾਮ ਕਵੀ ਦੀ ਕਵਿਤਾ ਦਾ ਇਹ ਅਨੁਵਾਦ ਨਿੱਜੀ ਫ਼ਰਜ਼ ਦੀ ਜ਼ਿੰਮੇਵਾਰੀ ਬਿਆਨ ਕਰਦਾ ਹੈ।

**ਸੂਰਜ ਡੁੱਬਦਾ ਹੈ**

ਤੁਸੀਂ ਦਿਨ ਬੇਕਾਰ ਗੁਆਇਆ ਜਾਂ ਉਸ ਦਾ ਲਾਭ ਉਠਾਇਆ?
ਇਸ ਦਾ ਉਪਯੋਗ ਚੰਗਾ ਹੋਇਆ ਜਾਂ ਇਹ ਅਜਾਈਂ ਗਿਆ?
ਤੁਸੀਂ ਸੂਰਜ ਦੀ ਕਿਰਣ ਛੱਡੀ ਹੈ,
ਜਾਂ ਨਾਰਾਜ਼ਗੀ ਦਾ ਦਾਗ਼?
ਸੌਣ ਲਈ ਅੱਖਾਂ ਬੰਦ ਕਰਨ ਤੇ
ਕੀ ਤੁਹਾਨੂੰ ਲਗਦਾ ਹੈ ਕਿ ਖ਼ੁਦਾ ਆਖੇਗਾ,
ਤੂੰ ਅੱਜ ਕੰਮ ਕਰਕੇ ਆਪਣੇ ਲਈ,
ਇਕ ਹੋਰ ਕੱਲ੍ਹ ਕਮਾ ਲਿਆ ਹੈ?

*ਖ਼ੁਦਾ ਦੀ ਅਣਕਹੀ ਅਤੇ ਅਪ੍ਰਤੱਖ ਸੇਵਾ ਮਹੱਤਵਪੂਰਣ ਹੈ।* ''ਪਰਗਟ'' ਵਿਚ ਸੇਵਾ ਕਰਨ ਦੀ ਆਪਣੀ ਯੋਗਤਾ ਨਾ ਨਿਭਾ ਪਾਉਣ ਵਾਲੇ ਲੋਕ ਖਾਮੋਸ਼ੀ ਨਾਲ ਅਦਿੱਖ ਸੇਵਾਵਾਂ ਨਿਭਾ ਸਕਦੇ ਹਨ, ਜਿਨ੍ਹਾਂ ਦਾ ਖ਼ੁਦਾ ਦੀ ਬਾਦਸ਼ਾਹਤ ਵਿਚ ਬਹੁਤ ਮਹੱਤਵ ਹੈ। ਹੋ ਸਕਦਾ ਹੈ ਕਿ ਪ੍ਰਚਾਰਕ ਅਤੇ ਐਲਡਰ ਸਾਹਮਣੇ ਹੋ ਕੇ ਕੰਮ ਕਰਨ, ਪਰ ਖ਼ੁਦਾ ਦੀਆਂ ਭਗਤ ਮਾਤਾਵਾਂ, ਖ਼ੁਦਾ ਦਾ ਡਰ ਰੱਖਣ ਵਾਲੇ ਪਿਤਾਵਾਂ, ਸ਼ਾਂਤ ਅਤੇ ਸਮਝਦਾਰ ਸੰਤਾਂ, ਆਪਣੀ ਦਮੜੀ ਦੇਣ ਵਾਲੀਆਂ ਵਿਧਵਾਵਾਂ, ਉਨ੍ਹਾਂ ਲਈ ਦਿਨ ਰਾਤ ਦੁਆ ਕਰਨ ਵਾਲਿਆਂ ਦੇ ਬਗ਼ੈਰ ਕਿਸੇ ਕੰਮ ਦੇ ਨਹੀਂ ਹਨ? ਕਲੀਸੀਆ ਇਸ ਕਰਕੇ ਕਾਇਮ ਹੈ ਕਿਉਂਕਿ ਬਹੁਤ ਸਾਰੇ ਲੋਕ ''ਬਸੋਰ ਦੇ ਨਾਲੇ ਕੋਲ'' ਖਾਮੋਸ਼ੀ ਨਾਲ ਸੇਵਾ ਕਰ ਰਹੇ ਹਨ (ਉਪਦੇਸ਼ਕਾਂ ਦੀ ਪੋਥੀ 9:10)।

*ਸਾਡੀ ਸੇਵਾ ਦਾ ਨਤੀਜਾ ਅਨਾਦੀ ਪਛਾਣ ਵਿਚ ਮਿਲੇਗਾ।* ਬਸੋਰ ਤੋਂ ਵਾਪਸ ਆਉਣ ਤੇ

ਦਾਊਦ ਨੇ ਸਮਾਨ ਦੀ ਰਾਖੀ ਕਰਨ ਵਾਲੇ ਉਨ੍ਹਾਂ ਲੋਕਾਂ ਦਾ ਧੰਨਵਾਦ ਕੀਤਾ ਜਾਂ ਉਨ੍ਹਾਂ ਨੂੰ ਸਲਾਮ ਕੀਤਾ (30:21)। ਇਹ ਸਲਾਮ ਉਨ੍ਹਾਂ ਦੇ ਸਨਮਾਨ ਅਤੇ ਦਿਲਚਸਪੀ ਨੂੰ ਵਿਖਾਉਂਦਾ ਸੀ। ਅਜਿਹਾ ਕਰਕੇ ਉਸ ਨੇ ਮੂਸਾ (ਗਿਣਤੀ 31:27) ਅਤੇ ਯਹੋਸ਼ੁਆ (ਯਹੋਸ਼ੁਆ 22:8) ਦੀ ਨਕਲ ਕੀਤੀ। ਦਾਊਦ ਵੱਲੋਂ ਪਛਾਣ ਦੇਣਾ ਤਾਂ ਵੱਡੀ ਗੱਲ ਹੈ ਹੀ ਪਰ ਮਸੀਹ ਲਈ ਸੇਵਾ ਕਰਨ ਵਾਲਿਆਂ ਨੂੰ ਇਸ ਤੋਂ ਵੱਡੀ ਪਛਾਣ ਮਿਲਣ ਵਾਲੀ ਹੈ (ਮੱਤੀ 10:2; 25:35, 36)। ਅੰਤ ਦੇ ਦਿਨ ਮਸੀਹ ਵੱਲੋਂ ਸੁਰੀਲੀ ਅਵਾਜ਼ ਵਿਚ ਪਛਾਣਨ ਦੀ ਗੱਲ ਸੁਣ ਕੇ ਕਿੰਨਾ ਚੰਗਾ ਲੱਗੇਗਾ (ਮਰਕੁਸ 14:8)। ਇਹ ਪਛਾਣ ਸਿਰਫ਼ ਉਨ੍ਹਾਂ ਲੋਕਾਂ ਨੂੰ ਮਿਲੇਗੀ ਜਿਹੜੇ ਬਸੋਰ ਦੇ ਨਾਲੇ ਦੇ ਨਿਯਮ ਦਾ ਪਾਲਣ ਕਰਦੇ ਹਨ।

## ਨਿਯਮ ਦੀ ਚੁਣੌਤੀ

ਨਿਯਮ ਜਿੰਨਾ ਵੱਡਾ ਹੁੰਦਾ ਹੈ, ਉਸ ਦੀ ਚੁਣੌਤੀ ਓਨੀ ਹੀ ਵੱਡੀ ਹੁੰਦੀ ਹੈ ਜੋ ਇਸ ਨੂੰ ਵਿਹਾਰਕ ਹੋਣੋਂ ਰੋਕਦੀ ਹੈ। ਜ਼ਕਰਯਾਹ 4:10ਅ ਵਿਚ ਇਸ ਚੁਣੌਤੀ ਨੂੰ ''ਤੁੱਛ ਜਾਣਨਾ'' ਕਿਹਾ ਗਿਆ ਹੈ। ''ਤੁੱਛ'' ਦਾ ਅਰਥ ਘਿਰਣਾ ਨਾਲ ਵੇਖਣਾ ਹੈ, ਬੇਕਾਰ ਚੀਜ਼ ਦੇ ਰੂਪ ਵਿਚ ਵੇਖਣਾ, ਜਾਂ ਕਿਸੇ ਚੀਜ਼ ਨਾਲ ਘੱਟ ਮਹੱਤਵ ਜੋੜਨਾ ਹੈ। 30:22 ਵਿਚ ਇਹੀ ਹੋਇਆ। ਸਮਾਨ ਦੀ ਰਾਖੀ ਬੈਠਣ ਵਾਲੇ ਲੋਕਾਂ ਨੂੰ ਬੇਕਾਰ ਮੰਨਿਆ ਗਿਆ। ਸੇਵਾ ਦੇ ਮਹਾਨ ਨਿਯਮਾਂ ਨੂੰ ਦਬਾਉਣ ਲਈ ਘਮੰਡ, ਸੁਆਰਥ ਅਤੇ ਅਗਿਆਨਤਾ ਸਾਰੇ ਮਿਲ ਗਏ। ਅਫ਼ਸੋਸ, ਅੱਜ ਵੀ ਅਜਿਹਾ ਹੀ ਹੋ ਰਿਹਾ ਹੈ।

ਦੋ ਵਿਸ਼ਾਲ ਖੇਤਰਾਂ ਵਿਚ, ਸੇਵਾ ਦੇ ਨਿਯਮ ਦੀ ਚੁਣੌਤੀ ਦਿੱਤੀ ਜਾਂਦੀ ਹੈ ਅਤੇ ਅਕਸਰ ਹਾਰ ਮਿਲਦੀ ਹੈ। ਪਹਿਲਾ, ਸਮਝ ਦੀ ਕਮੀ ਅਕਸਰ ''ਸਮਾਨ ਦੇ ਕੋਲ ਠਹਿਰਣ'' ਵਾਲਿਆਂ ਨੂੰ ਹਤਾਸ਼ ਕਰਦੀ ਹੈ (ਮੱਤੀ 18:6)। ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਭਾਵੇਂ ਕੋਈ ਵੀ ਕੰਮ ਕਰਕੇ ਸੇਵਾ ਕਿਉਂ ਨਾ ਕਰੀਏ, ਅਸੀਂ ਸਭ ਖ਼ੁਦਾ ਦੀ ਸੇਵਾ ਕਰ ਰਹੇ ਹਾਂ! ਇਹ ਸਮਝ ਸਾਨੂੰ ਉਨ੍ਹਾਂ *ਸਭ ਕੰਮਾਂ* ਤੇ, ਜਿਹੜੇ ਕੀਤੇ ਜਾ ਰਹੇ ਹਨ, ਵਿਚਾਰ ਕਰਨ ਦੇ ਯੋਗ ਬਣਾਵੇਗੀ।

ਦੂਜਾ, ''ਸਮਾਨ ਦੇ ਕੋਲ ਠਹਿਰਨ'' ਵਾਲਿਆਂ ਪ੍ਰਤੀ ਅਕਸਰ ਉਦਾਸੀਨਤਾ ਵਿਖਾਈ ਜਾਂਦੀ ਹੈ (30:22)। ਲੜਾਈ ਤੋਂ ਪਰਤ ਆਉਣ ਵਾਲਿਆਂ ਦਾ ਸਮਾਨ ਦੇ ਕੋਲ ਰਹਿਣ ਵਾਲਿਆਂ ਨਾਲ ਵਿਹਾਰ ਨੂੰ ਵੇਖੋ। ਉਹ ਉਨ੍ਹਾਂ ਨਾਲ ਰੁੱਖਾ, ਸਖ਼ਤ ਅਤੇ ਬੇਅਦਬੀ ਵਾਲਾ ਵਿਹਾਰ ਕਰ ਰਹੇ ਸਨ। ਉਨ੍ਹਾਂ ਨੇ ਆਪਣੇ ਸਾਥੀਆਂ ਤੇ ਬੁੜਬੁੜਾ ਕੇ ਉਨ੍ਹਾਂ ਨਾਲ ਸਖ਼ਤ ਰਵੱਈਆ ਅਪਣਾ ਕੇ ਆਪਣੇ ਆਪ ਨੂੰ ਉਨ੍ਹਾਂ ਨਾਲੋਂ ਵੱਧ ਸਮਝਿਆ! ਦਾਊਦ ਨੇ ਇਸ ਦੇ ਬਿਲਕੁਲ ਉਲਟ ਉਨ੍ਹਾਂ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਪ੍ਰਤੀ ਰਹਿਮ ਭਰੀ ਹਮਦਰਦੀ ਜਤਾਈ (30:21)।

## ਸਾਰ

ਮਸੀਹ ਦੀ ਕਲੀਸੀਆ ਵਿਚ ਸਾਡੇ ਵਿੱਚੋਂ ਹਰ ਕਿਸੇ ਨੂੰ ਸੇਵਾ ਦਿੱਤੀ ਗਈ ਹੈ। ਇਸ ਲਈ ਸਾਨੂੰ ਸਭਨਾਂ ਨੂੰ ਉਹੀ ਕਰਨਾ ਚਾਹੀਦਾ ਹੈ, ਜੋ ਅਸੀਂ ਕਰ ਸਕਦੇ ਹਾਂ (1 ਤਿਮੋਥਿਉਸ 1:12; ਲੂਕਾ 12:42, 43, 47, 48; ਮਰਕੁਸ 14:8)।

ਪ੍ਰਭੂ ਦੀ ਕਲੀਸੀਆ ਵਿਚ ਜਿਹੜੀ ਸੇਵਾ ਕਰਦੇ ਹੋ, ਉਸ ਉੱਤੇ ਵਿਚਾਰ ਕਰੋ। ਜਿਹੜੀ ਵੀ ਸੇਵਾ ਤੁਸੀਂ ਕਰ ਸਕਦੇ ਹੋ ਉਹੀ ਕਰੋ ਤਾਂ ਜੋ ਬੰਦਗੀਆਂ ਵਿਚ ਸ਼ਰਧਾ ਅਤੇ ਸੁਧਾਰ ਲਿਆਉਣ

ਵਾਲਾ ਮਾਹੌਲ ਬਣਾਇਆ ਜਾ ਸਕੇ। ਆਮ ਤੌਰ ਤੇ ਬੰਦਗੀ ਦੇ ਸਮੇਂ ਬਾਰੇ ''ਛੋਟੀਆਂ ਛੋਟੀਆਂ ਗੱਲਾਂ'' ਨਾਲ ਦੂਜੇ ਦਾ ਭਰੋਸਾ ਜਿੱਤਿਆ ਜਾ ਸਕਦਾ ਹੈ ਅਤੇ ਭਵਿੱਖ ਵਿਚ ਇਸ ਸਮੇਂ ਉਸ ਦੀ ਮਨ ਬਦਲੀ ਦਾ ਰਾਹ ਤਿਆਰ ਹੋ ਸਕਦਾ ਹੈ। ਆਪਣੇ ਭਾਈਆਂ ਨੂੰ ਉਤਸ਼ਾਹਿਤ ਕਰਨ ਲਈ ਜੋ ਵੀ ਤੁਹਾਥੋਂ ਹੋ ਸਕਦਾ ਹੈ ਕਰੋ। ਅਕਸਰ ''ਛੋਟੀਆਂ ਛੋਟੀਆਂ ਗੱਲਾਂ'' ਦਿਆ ਅਤੇ ਵਿਚਾਰ ਕਰਨ ਦੀ ਪ੍ਰੇਰਣਾ ਨਾਲ ਹੀ ਬਣਦੀਆਂ ਹਨ, ਜਿਹੜੀਆਂ ਉਦਾਸ ਮਨਾਂ ਵਿਚ ਜੋਸ਼ ਅਤੇ ਸਮਰਪਣ ਨਵੇਂ ਸਿਰਿਓਂ ਭਰਦੀਆਂ ਹਨ।

ਬਸੋਰ ਦੇ ਸਿਪਾਹੀ ਨੇ ਸੇਵਾ ਦੇ ਬਾਰੇ ਸਾਨੂੰ ਮਹੱਤਵਪੂਰਣ ਸਬਕ ਸਿਖਾਇਆ ਹੈ। ਉਪਯੋਗੀ ਸੇਵਾ ਦਾ ਇਨਾਮ ਜ਼ਰੂਰੀ ਹੋਵੇਗਾ, ਕਿਉਂਕਿ ''ਸਭ ਨੂੰ ਬਰਾਬਰ ਹਿੱਸਾ ਮਿਲੇਗਾ।'' ਤੁਸੀਂ ਜੋ ਵੀ ਕਰ ਸਕਦੇ ਹੋ ਕਰੋ, ਦੂਜਿਆਂ ਦੀਆਂ ''ਛੋਟੀਆਂ ਛੋਟੀਆਂ ਗੱਲਾਂ'' ਵਿਚ ਸੰਵੇਦਨਸ਼ੀਲ ਹੋਵੋ ਅਤੇ ਉਨ੍ਹਾਂ ਕੋਸ਼ਿਸ਼ਾਂ ਵਿਚ ਲੱਗੇ ਰਹਿਣ ਲਈ ਉਨ੍ਹਾਂ ਦੀ ਹਿੰਮਤ ਵਧਾਉਂਦੇ ਰਹੋ।

ਬਰੂਸ ਬਾਰਟਨ ਨੇ ਅਬਰਾਹਾਮ ਲਿੰਕਨ ਦੇ ਜੀਵਨ ਦੀ ਇਕ ਘਟਨਾ ਦੱਸੀ, ਜਿਹੜੀ ਬਸੋਰ ਤੇ ਜੇਤੂ ਵਿਹਾਰ ਦਾ ਚਿੱਤਰਣ ਕਰਦੀ ਹੈ। ਘਰੇਲੂ ਯੁੱਧ ਦੀ ਤਾਜ਼ਾ ਜਾਣਕਾਰੀ ਲਈ ਲਿੰਕਨ, ਜਨਰਲ ਮੈਕਲੇਲਲ ਨੂੰ ਭਾਲ ਰਹੇ ਸਨ। ਰਾਸ਼ਟਰਪਤੀ ਨਾਲ ਇਕ ਕੈਬਨਿਟ ਮੈਂਬਰ ਦੇ ਘਰ ਆਉਣ ਵੇਲੇ ਮੈਕਲੇਲਨ ਘਰ ਨਹੀਂ ਸੀ, ਸੋ ਲਿੰਕਨ ਨੇ ਇਕ ਘੰਟੇ ਤਕ ਉਡੀਕ ਕੀਤੀ। ਆਖ਼ਰ ਜਰਨੈਲ ਆ ਗਿਆ। ਲਿੰਕਨ ਨੂੰ ਸਲਾਮ ਕਰਨ ਦੀ ਬਜਾਇ ਉਹ ਪੌੜੀਆਂ ਚੜ੍ਹ ਕੇ ਆਪਣੇ ਸੌਣ ਵਾਲੇ ਕਮਰੇ ਵਿਚ ਚਲਿਆ ਗਿਆ ਅਤੇ ਇਹ ਦੱਸਣ ਲਈ ਕਿ ਉਹ ਬਹੁਤ ਥੱਕ ਗਿਆ ਹੈ, ਇਸ ਲਈ ਰਾਸ਼ਟਰਪਤੀ ਨੂੰ ਨਹੀਂ ਮਿਲ ਸਕਦਾ ਇਕ ਨੌਕਰ ਨੂੰ ਭੇਜ ਦਿੱਤਾ। ਲਿੰਕਨ ਦਾ ਸਾਥੀ ਲਾਲ ਪੀਲਾ ਹੋਣ ਲੱਗਾ, ਪਰ ਲਿੰਕਨ ਨੇ ਉਸ ਦਾ ਮੋਢੇ ਥਾਪੀ ਦਿੱਤੀ ਅਤੇ ਆਖਿਆ, ''ਐਨਾ ਗਰਮ ਹੋਣ ਦੀ ਲੋੜ ਨਹੀਂ ਹੈ। ਜਰਨੈਲ ਮੈਕਲੇਲਨ ਸਾਨੂੰ ਜਿੱਤ ਦੁਆ ਦੇਵੇ ਤਾਂ ਮੈਂ ਉਸ ਦਾ ਘੋੜਾ ਰੱਖ ਲਵਾਂਗਾ।''